੦੧੦

ਇੱਕ

(ਲੇਖਕ: ਬਲਵਿੰਦਰ ਸਿੰਘ)

ਗੁਰੂ ਗ੍ਰੰਥ ਸਾਹਿਬ ਵਿੱਚ "ਇੱਕ" ਦਾ ਅਨੇਕਾਂ ਵਾਰੀ ਜ਼ਿਕਰ ਹੈ। ਗੁਰਬਾਣੀ ਆਰੰਭਤਾ ਵੇਲੇ ਵੀ ਗੁਰੂ ਨਾਨਕ ਸਾਹਿਬ ਸਾਹਮਣੇ ਕੇਵਲ "ਇੱਕ" ਹੀ ਸੀ, ਜਪੁਜੀ ਸਾਹਿਬ ਦੀ ਆਰੰਭਤਾ "ਇੱਕ" ਤੋਂ ਹੀ ਹੈ। ਇਸ "ਇੱਕ" ਨੂੰ ਗੁਰੂ ਜੀ ਨੇ ਹਿੰਨਸੇ (੧) ਵਿੱਚ ਲਿਖਿਆ ਹੈ, ਭਾਵ ਇਹ "ਇੱਕ" ਸੰਪੂਰਨ ਹੈ। ਸਮੁੱਚੀ ਗੁਰਬਾਣੀ ਵਿੱਚ "ਇੱਕ" ਤੋਂ ਇਲਾਵਾ ਹੋਰ ਕਿਸੇ ਦਾ ਜ਼ਿਕਰ ਨਹੀਂ ਹੈ। ਜਿਹੜੇ ਹੋਰ ਵਿਚਾਰ ਗੁਰਮਤਿ ਨੇ ਮਨ ਨੂੰ ਟਿਕਾਉਣ, ਸੁਧਾਰਣ ਜਾਂ ਆਪਾ ਸੰਵਾਰਨ ਵਾਸਤੇ ਦਿੱਤੇ ਹਨ, ਉਹ ਸਾਰੇ ਹੀ "ਇੱਕ" ਦੁਆਲੇ ਅਤੇ "ਇੱਕ" ਤੇ ਕੇਂਦਰਤ ਹਨ।

ਨਿਰੰਕਾਰ ਇੱਕ ਹੈ, ਸਭ ਪ੍ਰਕਾਰ ਦਾ ਪਾਸਾਰਾ ਉਸੇ ਦਾ ਹੀ ਹੈ ਪਰ ਕੋਈ ਵੀ ਉਸ "ਇੱਕ" ਵਰਗਾ ਨਹੀਂ। ਉਹ ਨਿਰੰਕਾਰ ਅਗੰਮ, ਅਗਾਧਿ, ਅਥਾਹ, ਆਪਾਰ, ਬੇਅੰਤ, ਅਦ੍ਰਿਸ਼ਟ, ਅਗੋਚਰ, ਅਭੈ, ਅਮਰ, ਅਵਲ, ਆਦਿ, ਅੰਤ, ਅਜੂਨੀ ਤੇ ਅਪਰੰਪਰ ਹੈ। ਉਹ ਇੱਕ ਸਭ ਵਿੱਚ ਰਮਿਆ ਅਤੇ ਸਮਾਇਆ ਹੋਇਆ ਹੈ। ਇਹ ਸੱਚ ਹੈ ਕਿ ਹਿਸਾਬ ਵੀ ਇੱਕ ਇਲਮ ਹੈ। ਜੇ ਅਸੀਂ ਇੱਕ ਨੂੰ ਇੱਕ ਨਾਲ ਗੁਣਾਂ ਕਰੀਏ, ਉੱਤਰ ਇੱਕ ਹੀ ਆਵੇਗਾ। ਐਨ ਇਸੇ ਤਰ੍ਹਾਂ ਨਿਰੰਕਾਰ ਨੇ ਆਪਣੇ ਬਹੁ-ਬੇਅੰਤ ਅਤੇ ਬੇ-ਸ਼ੁਮਾਰ ਗੁਣਾਂ ਨਾਲ ਸ੍ਰਿਸ਼ਟੀ ਨੂੰ ਮਾਲੋਮਾਲ ਕੀਤਾ ਹੋਇਆ ਹੈ। ਉਸਦੀਆਂ ਸਭੇ ਵਸਤੂਆਂ "ਇੱਕ" ਦੇ ਗੁਣਾਂ ਦਾ ਹੀ ਅਨੁਵਾਦ ਕਰਦੀਆਂ ਹਨ ਜਿਵੇਂ ਹਿਸਾਬ ਦਾ ਇਹ ਸਿਧਾਂਤ ਹੈ। ਬੜੀ ਸੁਆਦਲੀ ਗੱਲ ਹੈ ਕਿ ਸਰਬ ਗੁਣਾਂ ਦਾ ਦਾਤਾ ਸੁਆਮੀ ਆਪ ਕਿਸੇ ਹਿਸਾਬ ਵਿੱਚ ਨਹੀਂ ਆਉਂਦਾ। ਉਹ "ਇੱਕ" ਸਭਨਾਂ ਵਿੱਚ ਹੋ ਕੇ ਵੀ ਵੱਖ ਤੇ ਇਕੱਲਾ ਹੈ। ਸਭਨਾਂ ਵਿੱਚ ਇੱਕ-ਮਿਕ ਹੈ, ਪਰ ਉਸ ਜੇਹਾ ਹੋਰ ਕੋਈ ਨਹੀਂ।

ਉਸ "ਇੱਕ" ਦੇ ਪਸਾਰੇ ਦਾ ਕਿਸੇ ਨੂੰ ਕੋਈ ਗਿਆਨ ਨਹੀਂ। ਜਿਸ ਵੇਲੇ ਉਹ ਆਪਣੇ ਪਾਸਾਰੇ ਨੂੰ ਸੰਕੋਚ ਲਵੇਗਾ ਤਾਂ ਉਦੋਂ ਸਿਰਫ਼ "ਇੱਕ" ਹੀ ਬਾਕੀ ਹੋਵੇਗਾ। ਜਦੋਂ ਉਸਨੇ ਇਹ ਰਚਨਾ ਰਚੀ ਸੀ, ਉਦੋਂ ਵੀ ਉਹ ਇਕੱਲਾ ਸੀ, ਕਿਸੇ ਦਾ ਸਲਾਹ-ਮਸ਼ਵਰਾ ਨਹੀਂ ਲਿਆ, ਕਿਸੇ ਨਾਲ ਮਤਾ ਨਹੀਂ ਪਕਾਇਆ, ਕੋਈ ਮਹੂਰਤ ਨਹੀਂ ਕੀਤਾ।

- ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥
ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥ (੧੨)

ਰਾਤਾਂ, ਰੁੱਤਾਂ, ਥਿੱਤਾਂ, ਵਾਰਾਂ ਸਭ ਉਸ "ਇੱਕ" ਦੇ ਕਾਰਨ ਹੀ ਹਨ। ਹਵਾ, ਪਾਣੀ, ਅਗਨੀ, ਪਾਤਾਲ, ਆਕਾਸ਼ ਸਭ ਉਸ "ਇੱਕ" ਨੇ ਹੀ ਬਣਾਏ ਹਨ। ਇਹ ਨਿਰਗੁਣ ਵੀ ਹੈ ਅਤੇ ਸਰਗੁਣ ਵੀ ਹੈ। ਉਹ ਇੱਕ ਨਿਰੰਕਾਰ ਸੁੰਨ ਸਮਾਧਿ ਵੀ ਹੈ ਅਤੇ ਇੱਕ ਸਰਬਤ੍ਰ ਹੈ। ਉਸਦਾ ਪਾਸਾਰਾ ਇੰਨ੍ਹਾਂ ਹੈ ਕਿ ਸਾਡੀ ਨਜ਼ਰ ਜਾਂ ਕੋਈ ਜੰਤਰ ਵੀ ਉਥੋਂ ਤੱਕ ਪਹੁੰਚ ਨਹੀਂ ਸਕਦਾ। ਉਹ ਇੱਕ ਜੋਤਿ ਹੈ, ਚਾਨਣ ਹੈ, ਪ੍ਰਕਾਸ਼ ਹੈ ਜਿਸ ਦਾ ਅਨੁਭਵ ਹੀ ਕੀਤਾ ਜਾ ਸਕਦਾ ਹੈ। ਉਹ ਆਪੇ ਸੂਖਮ ਹੈ ਤੇ ਆਪੇ ਅਸਥੂਲ ਪਰ ਉਸ ਨੂੰ ਪਕੜਿਆ ਨਹੀਂ ਜਾ ਸਕਦਾ। ਗੁਰਮਤਿ ਦਾ ਆਦੇਸ਼ ਹੈ, ਉਸ "ਇੱਕ" ਨੂੰ ਧਿਆਉਣਾ, ਆਰਾਧਣਾ, ਸਾਧਨਾ ਤੇ "ਇੱਕ" ਦੇ ਗੁਣ ਗਾਉਣੇ ਹਨ। ਉਹੀ ਇਕੋ ਠਾਕੁਰ ਹੈ ਬਾਕੀ ਉਸਦੇ ਚਾਕਰ ਹਨ।

- ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ॥ ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥(੭੦੬)

ਸਭ ਕੁੱਝ ਉਸ ਦਾ ਕੀਤਾ ਕਰਾਇਆ ਹੈ। ਪਰ ਅਸੀਂ ਭੁਲੇਖਾ ਖਾ ਜਾਂਦੇ ਹਾਂ ਤੇ ਉਸ ਦੀ ਸਮਰਥਤਾ ਤੇ ਸ਼ੱਕ ਕਰਦੇ ਹਾਂ। ਮਸਲਨ, ਬ੍ਰਹਮਾ ਕੋਲੋਂ ਉਸਨੇ ਸਭ ਕੁੱਝ ਬਣਵਾਇਆ, ਅੱਗੋਂ ਉਸਦੇ ਕਾਰੀਗਰ ਵਿਸ਼ਵਕਰਮਾ ਤੇ ਉਸਦੇ ਕਾਰੀਗਰ ਲੱਗ ਪਏ। ਵਿਸ਼ਨੂੰ ਕੋਲੋਂ ਉਹ ਦੁਨੀਆਂ ਦਾ ਪਾਲਣ-ਪੋਸ਼ਣ ਕਰਵਾਉਂਦਾ ਹੈ। ਸ਼ੰਕਰ ਜਾਂ ਮਹੇਸ਼ ਕੋਲੋਂ ਖਾਤਮਾ ਜਾਂ ਅੰਤ ਕਰਵਾ ਦਿੰਦਾ ਹੈ। ਇਸ ਦੇ ਨਾਲ-ਨਾਲ ਹੋਰ ਕਿਤਨੇ ਹੀ ਦੇਵੀ-ਦੇਵਤੇ ਜੋੜ ਕੇ ਵੇਦ, ਪੁਰਾਣ, ਸਿਮ੍ਰਤੀਆਂ

ਭਰ ਦਿੱਤੇ ਹਨ ਅਤੇ ਮਨੁੱਖਤਾ ਨੂੰ ਉਲਝਾ ਕੇ ਰੱਖ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਇੱਕੋ ਹੀ ਹੁਕਮ ਨਾਲ ਸਭ ਕੁੱਝ ਸਪੱਸ਼ਟ ਕਰ ਦਿੱਤਾ ਹੈ:

– ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ (੭)

ਮੁੱਢ ਇੱਕ ਹੈ, ਉਸੇ ਦਾ ਹੁਕਮ ਚਲਦਾ ਹੈ। ਗੁਰਮਤਿ ਦਾ ਕਹਿਣਾ ਹੈ, ਜਿਵੇਂ ਉਸਨੂੰ ਭਾਉਂਦਾ ਹੈ ਤਿਵੇਂ ਉਹ ਉਸਨੂੰ ਚਲਾਉਂਦਾ ਹੈ। ਸਾਰਾ ਫੁਰਮਾਨ ਉਸ "ਇੱਕ" ਦਾ ਅਤੇ ਹੁਕਮ ਵੀ ਉਸ ਇੱਕ ਦਾ ਹੀ ਚਲਦਾ ਹੈ, ਇਸੇ ਹੀ ਪਉੜੀ ਵਿੱਚ ਫੁਰਮਾਨ ਹੈ:

– ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ (੭)

ਗੁਰੂ ਜੀ ਕਹਿ ਰਹੇ ਹਨ, ਉਸ ਨਿਰੰਕਾਰ ਨੂੰ ਮੇਰਾ ਆਦੇਸ ਹੈ, ਸਲਾਮ ਹੈ, ਬੰਦਨਾ ਹੈ। ਉਹ ਆਦਿ ਭਾਵ ਮੁੱਢ ਤੋਂ, ਅਨੀਲ ਭਾਵ ਰੰਗ, ਰੂਪ, ਗਿਣਤੀ-ਮਿਣਤੀ ਰਹਿਤ, ਅਨਾਦ, ਭਾਵ ਉਸ ਤੋਂ ਪਹਿਲਾਂ ਹੋਰ ਕੋਈ ਨਹੀਂ ਹੈ।

ਪ੍ਰਸ਼ਨ ਉੱਠਦਾ ਹੈ, ਉਸ ਨੂੰ ਕਿਸ ਨੇ ਰਚਿਆ? ਉੱਤਰ ਸਪੱਸ਼ਟ ਹੈ, ਉਹ ਆਪਣੇ ਆਪ ਤੋਂ ਹੀ ਹੋਇਆ। ਉਹ ਸਵੈਮਭੂ ਹੈ। ਇੱਥੇ ਜ਼ਰਾ ਸੁਚੇਤ ਰਹਿਣ ਦੀ ਲੋੜ ਹੈ ਐਵੇਂ ਚਤੁਰਾਈ ਕਰਕੇ ਉਸ "ਇੱਕ" ਨੂੰ "ਸ਼ੰਭੂ" ਕਹਿਣਾ ਸ਼ੁਰੂ ਕਰ ਦਈਏ। ਦਰਅਸਲ ਉਹ 'ਸਹਭੰਗ' ਹੈ ਭਾਵ ਆਪਣੇ ਆਪ ਤੋਂ ਹੋਇਆ ਹੈ। ਜੇ ਉਹ ਸੁਯੰਭਵ ਹੈ ਤਦੇ ਹੀ ਤੇ ਉਹ ਅਨਾਦਿ ਹੈ।

ਉਸ ਦੇ ਸਾਰੇ ਕਾਰਜ ਜਿਵੇਂ ਥਾਪਣਾ, ਉਥਾਪਣਾ, ਰਚਨਾ, ਸਾਜਨਾ, ਸੁਆਰਨਾ, ਸ਼ਿੰਗਾਰਨਾ, ਸੰਘਾਰਨਾ, ਜੀਉਣਾ-ਮਰਨਾ, ਸਹਿਜ ਸੁਭਾਏ ਸੁਤੇ ਸਿਧ ਚੁੱਪ ਚਾਪ ਬਿਨਾਂ ਕਿਸੇ ਸ਼ੋਰ ਸ਼ਰਾਬੇ ਦੇ ਆਪਣੇ ਆਪ ਹੋ ਰਹੇ ਹਨ। ਅਨਾਹਤ, ਭਾਵ ਕੋਈ ਆਵਾਜ਼ ਜਾਂ ਰੌਲਾ-ਰੱਪਾ ਨਹੀਂ ਹੈ। ਪਰ ਉਹ "ਇੱਕ" ਸ਼ਬਦ ਰੂਪ ਹੈ ਅਤੇ ਇੱਕ ਸ਼ਬਦ ਤੋਂ ਸਭੋ ਕੁੱਝ ਹੋਇਆ ਹੈ। ਦੁਨੀਆਂ ਦੇ ਹੋਰ ਸ਼ਬਦ ਆਹਟ (Friction) ਨਾਲ ਪੈਦਾ ਹੁੰਦੇ ਹਨ ਪਰ "ਇੱਕ" ਮਹਾਨ ਸ਼ਬਦ ਅਨਾਹਤ, ਬਿਨਾਂ ਕਿਸੇ ਰਗੜ ਦੇ ਜਾਂ ਰਗੜੇ ਝਗੜੇ ਤੋਂ ਹੈ।

– ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ (੧੪)

ਉਹ ਇੱਕ ਜੋਤਿ ਰੂਪ, ਇੱਕ ਸਤਿ ਰੂਪ, ਸਤਿ ਸਰੂਪ, ਇੱਕ ਅਨੂਪ, ਇੱਕ ਅਰੂਪ ਹੈ ਤੇ ਸਾਰੇ ਹੀ ਰੂਪ ਉਸਦੇ ਹਨ। ਉਹੀ ਸਾਰਿਆਂ ਰੂਪਾਂ ਵਿੱਚ ਵਿਚਰਦਾ ਹੈ। ਜਿਤਨੇ ਗ੍ਰਹਿ, ਪਿੰਡ, ਆਕਾਸ਼, ਸਰਿਸ਼ਟੀਆਂ ਉਹ ਸਭ "ਇੱਕ" ਦੀਆਂ ਕੀਤੀਆਂ ਹੋਈਆਂ ਹਨ। ਆਪਣੀ ਕੀਤੀ "ਜੜ" ਅਤੇ "ਚੇਤਨ" ਹਿਤ ਵਿੱਚੋਂ ਉਹ ਇਸ ਤਰ੍ਹਾਂ ਹੋ ਕੇ ਲੰਘਦਾ ਹੈ ਜਿਵੇਂ ਮਾਲਾ ਦੇ ਮਣਕਿਆਂ ਵਿੱਚੋਂ ਸੂਤ। ਉਹ ਸੂਤ ਵੀ ਅਜਿਹਾ ਹੈ ਜੋ ਸਭ ਨੂੰ ਸੂਤ ਕਰੀ ਰੱਖਦਾ ਹੈ। ਸਾਰੇ ਕਾਰਜ ਆਪ ਸੂਤ ਕਰਦਾ ਹੈ ਅਤੇ ਫਿਰ ਵੀ ਉਹ ਸੂਤ ਅਦ੍ਰਿਸ਼ਟ ਹੈ।

– ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ॥
ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ॥ (੬੦੪)

ਗ੍ਰਹਿ ਰੂਪ ਸਾਰੇ ਮਣਕੇ ਉਸ "ਇੱਕ" ਦੇ ਹਨ। ਜਦੋਂ ਉਸ ਦਾ ਮਨ ਕਰਦਾ ਹੈ, ਉਦੋਂ ਉਹ ਇਨ੍ਹਾਂ ਮਣਕਿਆਂ ਵਿੱਚੋਂ ਮਣਕਿਆਂ ਨੂੰ ਪਰੋਣ ਵਾਲਾ ਸੂਤ ਖਿੱਚ ਲੈਂਦਾ ਹੈ, ਤਦੋਂ ਸਾਰੀ ਰਚਨਾ ਢਹਿ ਢੇਰੀ ਹੋ ਜਾਂਦੀ ਹੈ। ਅਸੀਂ ਉਸ ਦਾ ਹੁਕਮ ਮੰਨੀਏ ਜਾਂ ਨਾ ਮੰਨੀਏ ਪਰ ਅਸੀਂ ਉਸਦੀ ਆਗਿਆ ਤੋਂ ਬਾਹਰ ਨਹੀਂ ਕਿਉਂਕਿ ਉਹ ਇੱਕ ਹੀ ਸਭ ਦਾ ਸੂਤਰਧਾਰ ਹੈ।

– ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥ ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥ (੨੯੬)

- ਕੀ ਉਹ "ਇੱਕ ਘੁਮਿਆਰ ਹੈ ਜਿਸ ਨੇ ਸਾਰੇ ਭਾਂਡੇ ਸਿਰਜੇ ਹਨ?

- ਕੀ ਉਹ "ਇੱਕ" ਸਰਦਾਰ ਹੈ ਜੋ ਸਮੁੱਚੇ ਕਬੀਲੇ ਦੇ ਕਾਰਵਾਂ ਨੂੰ ਲਈ ਜਾ ਰਿਹਾ ਹੈ?

- ਕੀ ਉਹ "ਇੱਕ" ਬਾਜੀਗਰ ਹੈ ਜਿਸਦਾ ਇਹ ਸਾਰਾ ਖੇਡ-ਤਮਾਸ਼ਾ ਹੈ?

- ਕੀ ਉਹ "ਇੱਕ" ਕਾਰੀਗਰ ਹੈ ਜੋ ਸਭ ਕੁੱਝ ਘੜ੍ਹਦਾ ਬਣਾਉਂਦਾ ਹੈ?

- ਕੀ ਉਹ ਹਵਾ ਹੈ ਜਾਂ ਇੱਕ ਬਿਆਰ?

- ਕੀ ਉਹ "ਇੱਕ" ਵਹਿੰਦਾ ਪਾਣੀ ਹੈ ਜਾਂ ਵਹਿੰਦੇ ਪਾਣੀ ਦੀ ਧਾਰ?

- ਕੀ ਉਹ "ਇੱਕ" ਰਚਨਾ ਹੈ, ਰਚਾਇਤਾ ਹੈ, ਰਚਣਹਾਰ ਹੈ?

- ਕੀ ਉਹ ਸੁੰਨਮੁੰਨ ਹੈ?

- ਕੀ ਉਹ ਸਭਨਾਂ ਵਿੱਚ ਹੈ ਜਾਂ ਸਭਨਾਂ ਤੋਂ ਅਲੱਗ ਹੈ?

- ਕੀ ਉਹ ਸ਼ਕਤੀ ਹੈ ਜਾਂ ਅੱਗ?

- ਕੀ ਉਹ ਭਰਿਆ ਹੋਇਆ ਹੈ ਜਾਂ ਖਾਲੀ?

- ਕੀ ਉਹ ਮਿੱਟੀ ਹੈ, ਖੇਹ ਹੈ ਕਿ ਸੁਆਹ ਹੈ, ਹੁਸਨ ਹੈ ਜਾਂ ਖੂਬਸੂਰਤੀ, ਚੁੱਪ ਹੈ, ਅਟੁੱਟ ਹੈ ਜਾਂ ਲਗਾਤਾਰ?

- ਕੀ ਉਹ ਸੂਖਮ ਹੈ ਜਾਂ ਅਸਥੂਲ, ਜੜ੍ਹਾ ਹੈ ਕਿ ਧੂਲ, ਸ਼ਾਖਾ ਹੈ ਜਾਂ ਮੂਲ, ਕੀ ਉਹ ਜੰਗਲ ਹੈ, ਤ੍ਰਿਣ ਹੈ ਜਾਂ ਕੱਖ ਹੈ?

- ਕੀ ਉਹ ਦਰਿੰਦ ਹੈ, ਪਰਿੰਦ ਹੈ ਜਾਂ ਚਰਿੰਦ ਹੈ?

- ਕੀ ਉਹ ਅੱਖ ਦੇ ਫੋਰ ਵਿੱਚ ਸਭ ਕੁੱਝ ਤੋੜਦਾ ਹੈ ਜਾਂ ਸਭ ਨੂੰ ਜੋੜਦਾ ਹੈ ਜਾਂ ਫਿਰ ਸਭ ਨੂੰ ਤੋਰਦਾ ਹੈ?

ਕਿਤਨਾ ਗਿਣੀਏ, ਕਿਵੇਂ ਗਿਣੀਏ, ਉਸ ਦਾ ਕੋਈ ਅੰਤ ਨਹੀਂ, ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਕਹਿੰਦੇ ਹਨ:-

- ਬਹੁਤੁ ਓਪਮਾ ਥੋਰ ਕਹੀ॥ ਹਰਿ ਅਗਮ ਅਗਮ ਅਗਾਧਿ ਤੁਹੀ॥
ਊਚ ਮੂਚੌ ਬਹੁ ਅਪਾਰ॥ ਸਿਮਰਤ ਨਾਨਕ ਤਰੇ ਸਾਰ॥ (੯੮੭)

ਉਸ ਦੀ ਉਪਮਾ ਦਾ ਕੋਈ ਅੰਤ ਨਹੀਂ। ਮੁੱਕਦੀ ਗੱਲ ਇਹੀ ਹੈ ਕਿ ਉਹ ਅਗੰਮ ਹੈ, ਅਤਿ ਊਚਾ ਹੈ, ਸੁੱਚਾ ਹੈ। ਜੇ ਹੋਰ ਧੰਦਿਆਂ ਵਿੱਚ ਪੈ ਗਏ ਤਾਂ ਉਸ ਦੀ ਵਡਿਆਈ ਦਾ ਆਨੰਦ ਨਹੀਂ ਮਾਣ ਸਕਾਂਗੇ। ਤੱਤ ਇਹੋ ਹੈ ਕਿ ਉਸ "ਇੱਕ" ਨੂੰ ਖਿਨਪਲ ਲਈ ਵੀ ਨਾ ਭੁਲਿਆ ਜਾਵੇ।

ਚਤੁਰਾਈ, ਹੁਸ਼ਿਆਰੀ ਤੇ ਚਾਲਾਕੀ ਖੁਆਰੀ ਦਾ ਕਾਰਨ ਹੀ ਬਣੇਗੀ। ਬਹੁਤ ਸਿਆਣਪ ਵੀ ਜਮ ਦੇ ਭਉ ਵਰਗੀ ਹੋ ਕੇ ਟੱਕਰੇਗੀ, ਸੁਰਤ "ਇੱਕ" ਤੇ ਟਿਕ ਨਹੀਂ ਸਕੇਗੀ, ਐਵੇਂ ਬਉਰੇ ਹੋ ਕੇ ਫਿਰਦੇ ਰਹਾਂਗੇ। ਗੁਰੂ ਨਾਨਕ ਪਾਤਸ਼ਾਹ ਦਾ ਹੁਕਮ ਕਿ ਉਸ "ਇੱਕ" ਦੀ ਖ਼ਾਤਰ ਟਿਕ ਜਾ, ਭਾਵੇਂ ਸੰਸਾਰੀ ਭੂਤਨਾ, ਬੇਤਾਲਾ ਕਹੀ ਜਾਣ, ਉਸ "ਇੱਕ" ਦਾ ਹੋ ਜਾਹ।

- ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ॥

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ ਹਉ ਹਰਿ ਬਿਨੁ ਅਵਰੁ ਨ ਜਾਨਾ॥ (੯੯੧)

ਸਭ ਖਲਕ ਸਿਆਣੀ, ਕੀ ਜਾਣੇ ਕਿ "ਇੱਕ" ਦੇ ਦੀਵਾਨੇ ਸਭ ਤੋਂ ਸਿਆਣੇ ਹਨ। ਇਨ੍ਹਾਂ ਨੇ ਇੱਕ ਸ਼ਾਹਿ-ਸ਼ਹਿਨਸ਼ਾਹ ਨੂੰ ਜਾਣ ਲਿਆ ਹੈ। ਇਹ ਦੀਵਾਨਾ ਭੈਅ ਵਿੱਚ ਹੈ ਤੇ "ਇੱਕ" ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਦਾ:

- ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥ (੯੯੧)

"ਇੱਕ" ਅਕਾਲ ਪੁਰਖ ਹੈ, ਇੱਕੋ ਰਚਣਹਾਰ ਹੈ, ਇਕਾ ਬਾਣੀ ਹੈ, ਇੱਕੋ ਗੁਰੂ ਹੈ, ਇੱਕੋ ਵਿਚਾਰ ਹੈ। "ਇੱਕ" ਤੋਂ ਬਾਹਰ ਹੋਰ ਕੁੱਝ ਨਹੀਂ, ਜਗਤ ਪਿਤਾ "ਇੱਕ" ਹੈ ਬਾਕੀ ਰਚਨਾ ਅਨਿੱਤ ਹੈ। ਉਹ "ਇੱਕ" ਨਿਤ ਹੈ, ਨੀਤਾਨੀਤ ਹੈ, ਨਿਤਨਵਾਂ ਨਵਨੀਤ ਹੈ। ਗੁਣ ਇੱਕੋ ਦੇ ਹੀ ਗਾਉਣੇ ਹਨ, ਇੱਕੋ ਹੀ ਗੱਲ ਲੇਖੇ ਪੈਣੀ ਹੈ ਬਾਕੀ ਤਾਂ ਝੱਖ ਮਾਰਨ ਹੀ ਹੈ।

- ਏਕਸ ਕੇ ਗੁਨ ਗਾਉ ਅਨੰਤ॥ (੨੮੯)